بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅਾ 11.06.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 11 ਜੂਨ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ بالله من الشيطٰن الرجيم۔ بِسْمِ اللّٰهِ الرَّحْمٰنِ الرَّحِيْمِ۔
اَلْحَمْدُ لِلّٰهِ رَبِّ الْعَالَمِيْنَ۔ الرَّحْمٰنِ الرَّحِيْمِ۔ مَالِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ غَيْرِ
الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਖ਼ੁਤਬੇ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਜ਼ਿਕਰ ਵਿੱਚ ਸੁਲਾਹ ਹੁਦੈਬੀਆਹ ਦਾ ਜ਼ਿਕਰ ਹੋ ਰਿਹਾ ਸੀ । ਸੁਲਾਹ ਹੁਦੈਬੀਆਹ ਦੀ ਜੱਦ ਵਿਰੋਧਤਾ ਕਰਦਿਆਂ ਹੋਇਆ ਜਦ ਕੁਰੈਸ਼ ਦੇ ਸਜੱਣ ਕਬੀਲੇ ਬਨੂ ਬਕਰ ਨੇ ਮੁਸਲਮਾਨਾ ਦੇ ਸਜੱਣ ਕਬੀਲੇ ਬਨੂ ਖ਼ਜ਼ਾਅ'ਤੇ ਹਮਲਾ ਕੀਤਾ ਅਤੇ ਕੁਰੈਸ਼ ਨੇ ਬਨੂ ਬਕਰ ਦੀ ਮਦਦ ਵੀ ਕੀਤੀ ਤਾਂ ਅਬੂ ਸੁਫ਼ਯਾਨ ਸੰਧੀ ਦਾ ਨਵੀਨੀਕਰਣ ਕਰਨ ਲਈ ਮਦੀਨਿ ਆਇਆ । ਡਾਕਟਰ ਅਲੀ ਬਿਨ ਸਲਾਬੀ ਲਿਖੱਦੇ ਹਨ ਕਿ ਇਸ ਮੌਕੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਚਾਚਾ ਅਬੱਾਸ ਰਜ਼ੀ ਅਲੱਾਹੁ ਅਨਹੁ ਅਬੂ ਸੁਫ਼ਯਾਨ ਨੂੰ ਨਾਲ ਲੈਕੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਕੋਲ ਆਏ । ਰਸਤੇ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਹਨਾ ਦੋਹਾਂ ਨੂੰ ਰਸੂਲੇ ਖ਼ੁਦਾ ਸਲਲੱਾਹੁ ਅਲੈਹਿ ਵਸਲੱਮ ਕੋਲ ਜਾਂਦਿਆਂ ਹੋਇਆਂ ਦੇਖ ਲਿਆ ਅਤੇ ਆਪ ਵੀ ਉੱਥੇ ਪਹੁੰਚ ਗਏ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੂੰ ਅਰਜ਼ ਕੀਤੀ ਕਿ ਮੈਂਨੂੰ ਆਗਿਆ ਦੇਣ ਕਿ ਮੈਂ ਰੱਬ ਦੇ ਦੁਸ਼ਮਣ ਅਬੂ ਸੁਫ਼ਯਾਨ ਦਾ ਕਤਲ ਕਰ ਦਿਆਂ । ਇਸ'ਤੇ ਹਜ਼ਰਤ ਅਬੱਾਸ ਰਜ਼ੀ ਅਲੱਾਹੁ ਅਨਹੁ ਨੇ ਕਿਹਾ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਮੈਂ ਅਬੂ ਸੁਫ਼ਯਾਨ ਨੂੰ ਪਨਾਹ ਦਿੱਤੀ ਹੋਈ ਹੈ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਅਬੱਾਸ ਰਜ਼ੀ ਅਲੱਾਹੁ ਅਨਹੁ ਵਿੱਚ ਵਾਰਤਾਲਾਪ ਹੋਈ ਅਤੇ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਹੇ, ਅਬੱਾਸ ! ਅਬੂ ਸੁਫ਼ਯਾਨ ਨੂੰ ਆਪਣੇ ਨਾਲ ਲੈ ਜਾਓ ਅਤੇ ਸਵੇਰੇ ਲੈਕੇ ਆਉਂਣਾ ।

ਸ਼ਾਬਾਨ 7 ਹਿਜਰੀ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਇਕ ਜੱਥੇ ਵਿੱਚ ਤੀਹ ਵਿਅਕਤੀਆਂ ਨਾਲ ਹਵਾਜ਼ਨ ਕਬੀਲੇ ਦੀ ਸ਼ਾਖ਼ਾ ਤਰਬਾ ਵੱਲ ਭੇਜਿਆ । ਜੀਵਨ ਚਰਿੱਤਰ ਦੀਆਂ ਕਿਤਾਬਾਂ ਅਸੁਸਾਰ ਸੱਭ ਤੋਂ ਪਹਿਲਾਂ ਖ਼ੈਬਰ ਦੀ ਜੰਗ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਝੰਡੇ ਦਾ ਜ਼ਿਕਰ ਮਿਲਦਾ ਹੈ । ਇਸ ਤੋਂ ਪਹਿਲਾਂ ਕੇਵਲ ਛੋਟੇ ਝੰਡੇ ਹੁੰਦੇ ਸਨ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦਾ ਇਹ ਅਕਾਬ ਨਾਂ ਝੰਡਾ ਕਾਲੇ ਰੰਗ ਦਾ ਸੀ ਜੋ ਉਮੁੱਲ ਮੋਮਿਨੀਨ ਹਜ਼ਰਤ ਆਇਸ਼ਾ ਰਜ਼ੀ ਅਲੱਾਹੁ ਅਨਹਾ ਦੀ ਚਾਦਰ ਦਾ ਬਣਾਇਆ ਗਿਆ ਸੀ । ਜੱਦ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਖ਼ੈਬਰ ਵਿੱਚ ਸਨ ਤਾਂ ਢਿੱਡ ਪੀੜ ਕਰਕੇ ਆਪ ਬਾਹਰ ਨ ਆ ਸਕੇ, ਇਸ ਕਰਕੇ ਆਪ ਸਲਲੱਾਹੁ ਅਲੈਹਿ ਵਸਲੱਮ ਨੇ

ਆਪਣਾ ਝੰਡਾ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਤੇ ਫ਼ਿਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਅਤੇ ਫਿਰ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨੂੰ ਦਿਤੱਾ ਜਿੰਨ੍ਹਾ ਦੇ ਹੱਥੀ ਰੱਬ ਨੇ ਫ਼ਤਹ ਪ੍ਰਦਾਨ ਕੀਤੀ ।

ਖ਼ੈਬਰ ਦੀ ਫ਼ਤਹਿ ਦੇ ਬਾਦ ਹਾਸਲ ਹੋਣ ਵਾਲੇ ਮਾਲ (ਜੰਗੀ ਧੰਨ ਮਾਲ) ਵਿੱਚੋਂ ਪੰਜਵਾਂ ਹਿਸੱਾ ਜੋ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਲਈ ਸੀ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਮੁਸਲਮਾਨਾ ਵਿੱਚ ਵੰਡ ਦਿਤੱਾ । ਯਹੂਦ ਵਿੱਚ ਜੋ ਤੜੀਪਾਰ ਹੋਣ ਲਈ ਰਾਜ਼ੀ ਹੋਕੇ ਕਿਲੇ ਤੋਂ ਨਿਕਲ ਆਏ ਸਨ, ਆਪ ਸਲਲੱਾਹੁ ਅਲੈਹਿ ਵਸਲੱਮ ਨੇ ਇਹਨਾ ਨੂੰ ਇਸ ਸ਼ਰਤ'ਤੇ ਉਹਨਾ ਦੇ ਧੰਨ ਮਾਲ ਵਾਪਸ ਕਰ ਦਿੱਤੇ ਕਿ ਇਸ ਤੋਂ ਹਾਸਲ ਹੋਣ ਵਾਲਾ ਫਲ ਉਹਨਾਂ ਵਿੱਚ ਅਤੇ ਮੁਸਲਮਾਨਾ ਵਿੱਚ ਵੰਡਿਆ ਜਾਏਗਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਬਾਦ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਕਾਲ ਵਿੱਚ ਵੀ ਇਹੋ ਵਿਵਸਥਾ ਜਾਰੀ ਰਹੀ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਜੱਦ ਆਪ ਰਜ਼ੀ ਅਲੱਾਹੁ ਅਨਹੁ ਨੂੰ ਪਤਾ ਲਗੱਾ ਕਿ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੀ ਅਖ਼ੀਰੀ ਬਿਮਾਰੀ ਵਿੱਚ ਫ਼ਰਮਾਇਆ ਸੀ ਕਿ ਅਰਬ ਵਿੱਚ ਦੋ ਧਰਮ ਇਕੱਠੇ ਨਹੀਂ ਰਹਿਣਗੇ ਤਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਅਜਿਹੇ ਸਾਰੇ ਯਹੂਦੀਆਂ ਨੂੰ ਜਿੰਨ੍ਹਾ ਕੋਲ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦਾ ਕੋਈ ਪ੍ਰਣ ਨਹੀਂ ਸੀ ਤੜੀਪਾਰ ਕਰ ਦਿਤੱਾ ।

ਹੁਨੈਨ ਤੋਂ ਵਾਪਸੀ ਸਮੇਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਤੋਂ ਏਤਕਾਫ਼ ਬੈਠਣ ਦੀ ਇਕ ਅਜਿਹੀ ਮਨੱਤ ਬਾਰੇ ਪੁੱਛਿਆ ਜੋ ਉਹਨਾ ਨੇ ਇਸਲਾਮ ਲਿਆਉਣ ਤੋਂ ਪਹਿਲਾਂ ਮਿੱਥੀ ਸੀ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਉਹ ਮਨੱਤ ਪੂਰੀ ਕਰਨ ਦਾ ਨਿਰਦੇਸ਼ ਦਿਤੱਾ ।

ਤਬੂਕ ਦੀ ਜੰਗ ਦੇ ਮੌਕੇ'ਤੇ ਜੱਦ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਚੰਦੇ (ਦਾਨ) ਦੀ ਤਹਿਰੀਕ ਕੀਤੀ ਤਾਂ ਹਜ਼ੀਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਸੋਚਿਆ ਕਿ ਅੱਜ ਮੈਂ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਤੋਂ ਅੱਗੇ ਨਿਕਲ ਸਕਦਾ ਹਾਂ, ਸੋ, ਆਪ ਆਪਣਾ ਅਧੱਾ ਧੰਨ ਲੈ ਆਏ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਜ਼ਮਾਨਾ ਅਤਿਅੰਤ ਔਕੁੜਾਂ ਦਾ ਜ਼ਮਾਨਾ ਸੀ ਪਰ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਆਪਣਾ ਸਾਰਾ ਧੰਨ ਲੈ ਆਏ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਅਰਪਣ ਕਰ ਦਿਤੱਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਹ ਘਟਨਾ ਵਰਨਣ ਕਰਕੇ ਫ਼ਰਮਾਓਨੁਦੇ ਹਨ ਕਿ ਇਹ ਉਹ ਹਨ ਕਿ ਬੈਅਤ ਤਾਂ ਕਰ ਜਾਂਦੇ ਹਨ ਅਤੇ ਇਕਰਾਰ ਵੀ ਕਰ ਜਾਂਦੇ ਹਨ ਕਿ ਅਸੀਂ ਦੁਨੀਆ'ਤੇ ਧਰਮ ਨੂੰ ਪਹਿਲ ਦਿਆਂਗੇ ਪਰ ਮਦਦ ਤੇ ਸਹਾਇਤਾ ਦੇ ਮੌਕੇ ਆਪਣੀਆਂ ਜੇਬਾਂ ਨੂੰ ਦਬਾਕੇ ਫੜੀ ਰਖੱਦੇ ਹਨ । ਭਲਾ ਅਜਿਹਾ ਮੋਹ ਦੁਨੀਆ ਨਾਲ ਕੋਈ ਧਾਰਮਕ ਮੰਤਵ ਪਾ ਸਕਦਾ ਹੈ।

ਜਦੱ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ'ਤੇ ਬਿਮਾਰੀ ਦਾ ਸਖ਼ਤ ਹਮਲਾ ਹੋਇਆ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਮੇਰੇ ਕੋਲ ਲਿਖੱਣ ਦਾ ਸਮਾਨ ਲਿਆਓ ਤਾਂ ਮੈਂ ਤੁਹਾਨੂੰ ਇਕ ਅਜਿਹੀ ਲਿਖੱਤ ਲਿੱਖ ਦਿਆ ਜਿਸਦੇ ਬਾਦ ਤੁਸੀ ਸੁਮਾਰਗ ਤੋਂ ਕੁਮਾਰਗ ਨਹੀਂ ਹੋਵੋਗੇ । ਹਜ਼ਰਤ ਸਯੱਦ ਜ਼ੈਨੁਲ ਆਬਦੀਨ ਵਲੀ ਉਲੱਾਹ ਸ਼ਾਹ ਸਾਹਬ ਲਿਖੱਦੇ ਹਨ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਫ਼ੌਤ ਹੋ ਜਾਣ ਦਾ ਭਰਮ ਵੀ ਨਹੀਂ ਸੀ, ਸੋ, ਉਹਨਾ ਨੇ ਲੋਕਾਂ ਨੂੰ ਕਿਹਾ ਕਿ ਸਾਡੇ ਕੋਲ ਰੱਬ ਦੀ ਕਿਤਾਬ ਹੈ ਜੋ ਸਾਡੇ ਲਈ ਬਹੁਤ ਹੈ । ਇਸ ਲਈ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੂੰ ਕਸ਼ਟ ਦੇਣ ਦੀ ਲੋੜ ਨਹੀਂ । ਇਸ ਗੱਲ'ਤੇ ਉੱਥੇ ਮੌਜੂਦ ਲੋਕਾਂ ਵਿੱਚ ਮਤਿਭੇਦ ਹੋ ਗਿਆ ਅਤੇ ਰੌਲ੍ਹਾ ਐਨ੍ਹਾ ਵੱਧਿਆ ਕਿ ਰਸੂਲੇ ਖ਼ੁਦਾ ਨੇ ਫ਼ਰਮਾਇਆ ਕਿ ਉੱਠੋ ਅਤੇ ਮੇਰੇ ਕੋਲੋਂ ਚਲੇ ਜਾਓ । ਇਸ ਤੋਂ ਪਤਾ ਲਗੱਦਾ ਹੈ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਨੂੰ ਰੱਬ ਦੀ ਕਿਤਾਬ ਦੇ ਸਨਮਾਨ ਦਾ ਇਸ ਰੋਗ ਦੀ ਅਵਸਥਾ ਵਿੱਚ ਵੀ ਐਨ੍ਹਾ ਮਾਨ ਸੀ ਕਿ ਉਮਰ ਰਜ਼ੀ ਅਲੱਾਹੁ ਅਨਹੁ ਦੀ ਗੱਲ ਸੁਣਨ ਦੇ ਬਾਦ ਕਾਗ਼ਜ਼, ਕਲਮ ਦਵਾਤ ਮੰਗਵਾਉਣ ਦਾ ਨਿਸ਼ਚਾ ਹੀ ਨਹੀਂ ਕੀਤਾ । ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਇਸ ਘਟਨਾ ਦੇ ਬਾਦ ਕੁਝ ਦਿਨ ਜਿਊਂਦੇ ਰਹੇ ਅਤੇ ਇਹਨਾ ਦਿਨਾਂ ਵਿੱਚ ਕੁਝ ਹੋਰ ਵਸੀਯੱਤਾਂ ਵੀ ਕੀਤੀਆਂ ਪਰ ਇਸ ਦਾ ਵਿਚਾਰ ਨਹੀਂ ਕੀਤਾ ।

ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦਾ ਦੇਹਾਂਤ ਹੋਇਆ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਖੜੇ ਹੋਏ ਕਹਿਣ ਲੱਗੇ ਕਿ ਰੱਬ ਦੀ ਸੰਹੁ ! ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਫ਼ੌਤ ਨਹੀਂ ਹੋਏ ਅਤੇ ਜੋ ਵਿਅਕਤੀ ਇਹ ਕਹੇਗਾ ਕਿ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਫ਼ੌਤ ਹੋ ਗਏ ਹਨ ਤਾਂ ਮੈਂ ਅਪਣੀ ਤਲਵਾਰ ਨਾਲ ਉਸਨੂੰ ਕਤਲ ਕਰ ਦਿਆਂਗਾ । ਅਲੱਾਹ ਅਵਸ਼ ਹੀ ਇਹਨਾ ਨੂੰ ਉਠਾਏਗਾ ਤਾਂ ਜੋ ਕਈਆਂ ਦੇ ਹੱਥ ਪੈਰ੍ਹ ਕੱਟ ਦੇਵੇ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਜੋ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੇ ਦੇਹਾਂਤ ਸਮੇਂ ਮਦੀਨੇ ਤੋਂ ਦੋ ਮੀਲ ਦੀ ਦੂਰੀ'ਤੇ ਸਨਾਅ ਨਾਂ ਦੀ ਥਾਂ'ਤੇ ਸਨ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਭਾਸ਼ਣ ਦੇਣ ਦੇ ਸਮੇਂ ਵਿਚਕਾਰ ਹੀ ਆਪ ਉੱਥੇ ਪਹੁੰਚ ਗਏ । ਆਪ ਰਜ਼ੀ ਅਲੱਾਹੁ ਅਨਹੁ ਨੇ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਚਿਹਰੇ ਤੋਂ ਕਪੜਾ ਹਟਾਇਆ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਚਿਹਰੇ ਨੂੰ ਚੁੰਮਿਆ ਅਤੇ ਫਿਰ ਬਾਹਰ ਆ ਗਏ ਅਤੇ ਲੋਕਾਂ ਨੂੰ ਸੰਬੋਧਨ ਕਰਕੇ ਭਾਸ਼ਣ ਦਿੱਤਾ । ਖ਼ੁਦਾ ਤਆਲਾ ਦੀ ਪ੍ਰਸ਼ੰਸਾ ਅਤੇ ਉਸਤਤਿ ਦੇ ਬਾਦ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਦੇਖੋ ਜੋ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਪੂਜਦਾ ਸੀ, ਉਹ ਸੁਣ ਲਏ ਕਿ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਤਾਂ ਨਿਸ਼ਚੇ ਹੀ ਫ਼ੌਤ ਹੋ ਗਏ ਅਤੇ ਜੋ ਅਲੱਾਹ ਨੂੰ ਪੂਜਦਾ ਹੈ ਉਹ ਚੇਤੇ ਰੱਖੇ ਕਿ ਅਲੱਾਹ ਜੀਉਂਦਾ ਹੈ ਅਤੇ ਕਦੇ ਨਹੀਂ ਮਰੇਗਾ । ਫਿਰ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਇਹ ਆਇਤ ਪੜ੍ਹੀ ਕਿ وَمَا مُحَمَّدٌ اِلَّا رَسُوْلٌ ۚ قَدْ خَلَتْ مِنْ قَبْلِهِ الرُّسُلُ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਅਲੱਾਹ ਦੇ ਰਸੂਲ ਹਨ । ਆਪ ਤੋਂ ਪਹਿਲਾਂ ਸਾਰੇ ਰਸੂਲ ਫ਼ੌਤ ਹੋ ਚੁੱਕੇ ਹਨ ਤਾਂ ਫਿਰ ਕੀ ਜੇਕਰ ਆਪ ਫ਼ੌਤ ਹੋ ਜਾਣ ਜਾਂ ਕਤਲ ਕੀਤੇ ਜਾਣ ਤਾਂ ਤੁਸੀਂ ਆਪਣੀ ਅੱਡੀਆਂ ਦੇ ਭਾਰ ਪਰਤ ਜਾਓਗੇ ਅਤੇ ਜੋ ਕੋਈ ਆਪਣੀਆਂ ਅੱਡੀਆਂ ਦੇ ਭਾਰ ਫਿਰ ਜਾਏ ਤਾਂ ਉਹ ਅਲੱਾਹ ਨੂੰ ਉਕੱਾ ਹੀ ਕੋਈ ਹਾਣ ਨਹੀਂ ਪਹੁੰਚਾ ਸਕੇਗਾ ਅਤੇ ਛੇਤੀ ਹੀ ਰੱਬ ਸ਼ੁਕਰ ਕਰਨ ਵਾਲਿਆਂ ਨੂੰ ਪ੍ਰਤੀਫਲ ਦੇਵੇਗਾ ।

ਇਹ ਪਵਿੱਤਰ ਆਇਤ ਸੁਣਕੇ ਲੋਕ ਐਨ੍ਹਾ ਰੋਏ ਕਿ ਹਿਟਕੀਆਂ ਬੱਝ ਗਈਆਂ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਕਿਹਾ ਰੱਬ ਦੀ ਸਹੁੰ ! ਜਿਵੇਂ ਹੀ ਮੈਂ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੂੰ ਇਹ ਆਇਤ ਪੱੜ੍ਹਦਿਆ ਸੁਣਿਆ ਤਾਂ ਮੈਂ ਐਨ੍ਹਾ ਘਬਰਾਇਆ ਕਿ ਇਸ ਦਹਿਸ਼ਤ ਮਾਰੇ ਮੇਰੇ ਪੈਰ੍ਹ ਥਿੜਕ ਗਏ ਅਤੇ ਮੈਂ ਧਰਤੀ'ਤੇ ਡਿੱਗ ਪਿਆ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰਿਵਾਇਤ ਕਰਨ ਵਾਲੇ ਕਹਿੰਦੇ ਹਨ ਸੰਭਵਤਾ ਲੋਕ ਬੇਖ਼ਬਰ ਸਨ ਕਿ ਇਹ ਆਇਤ ਵੀ ਰੱਬ ਨੇ ਨਾਜ਼ਿਲ ਕੀਤੀ ਹੈ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਕਿਹਾ ਬ-ਖ਼ੁਦਾ ਮੈਂ ਇਹ ਆਇਤ ਹਜ਼ਰਤ ਅਬੂ ਬਕਰ ਤੋਂ ਹੀ ਸੁਣੀ ।

ਫ਼ਰਮਾਇਆ : ਹੁਣ ਸੋਚੋ ਕਿ ਜੇਕਰ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦਾ ਇਹ ਸਚੱਾ, ਅਕੱਟ, ਦਲੀਲਾਂ ਭਰਪੂਰ ਤੇ ਠੋਸ ਨਿਸ਼ਚਾ ਕਿ ਸਾਰੇ ਨਬੀ ਫ਼ੌਤ ਹੋ ਚੁੱਕੇ ਹਨ, ਕੁਰਆਨ ਵਿੱਚੋਂ ਨਹੀਂ ਸੀ ਤਾਂ ਉਹ ਸਹਾਬਾ ਜੋ ਇਕ ਲੱਖ ਤੋਂ ਵੀ ਵੱਧ ਸਨ ਕੇਵਲ ਭਰਮ ਤੇ ਸ਼ੱਕ ਉਪੱਰ ਕਿਉਂ ਕਾਇਲ ਹੋ ਗਏ । ਕਿਉਂ ਇਹ ਪੱਖ ਪੇਸ਼ ਨ ਕੀਤਾ ਕਿ ਹੇ ਹਜ਼ਰਤ ਅਬੂ ਬਕਰ ! ਆਪ ਦੀ ਇਹ ਦਲੀਲ ਅਧੂਰੀ ਹੈ, ਕੀ ਆਪ ਨਹੀਂ ਜਾਣਦੇ ਕਿ ਕੁਰਆਨ ਕਰੀਮ ਦੀ ਹੀ ਇਹ ਆਇਤ رَافِعُكَ اِلَيَّ 'ਰਾਫ਼ਿਉਕਾ ਇਲਯੱਾ' ਵਿੱਚ ਹਜ਼ਰਤ ਈਸਾ ਮਸੀਹ ਰਹਿਮਾਹੁਲੱਾਹ ਦਾ ਆਪਣੇ ਭੌਤਕ ਸ਼ਰੀਰ ਸਣੇ ਅਕਾਸ਼ ਉਪੱਰ ਜਾਣਾ ਲਿੱਖਿਆ ਹੈ । ਕੀ بَلْ رَّفَعَهُ اللّٰهُ اِلَيْهِ 'ਬਲ ਰਫ਼ਾਆਹੁਲੱਾਹੁ ਇਲੈਹਿ' ਆਪ ਜੀ ਨੇ ਨਹੀਂ ਸੁਣਿਆ । ਫਿਰ ਆਂਹਜ਼ਰਤ ਸਲਲੱਾਹੁ ਅਲੈਹਿ ਦਾ ਅਕਾਸ਼'ਤੇ ਜਾਣਾ ਆਪ ਅਨੁਸਾਰ ਕਿਉਂ ਅਸੰਭਵ ਹੈ । ਸਹਾਬਾ ਕਰਾਮ ਜੋ ਕੁਰਆਨ ਕਰੀਮ ਦੇ ਜਾਣੂ ਸਨ ਉਹ ਇਸ ਆਇਤ ਨੂੰ ਸੁਣਕੇ ਅਤੇ ਸ਼ਬਦ خَلَتْ 'ਖ਼ਲਤ' ਦੀ ਵਿਆਖਿਆ ਅਤੇ ਵਾਕ اَفَاْئِنْ مَّاتَ اَوْ قُتِلَ 'ਆਫ਼ਾਅੰਮਾਤਾ ਅਉ ਕੁਤਿਲਾ' ਸੁਣਕੇ ਝੱਟ ਹੀ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਮੌਤ ਦੇ ਸਬਬ ਅਤਿਅੰਤ ਦੁਖੀ ਅਤੇ ਦੁਖੱਾਂ ਨਾਲ ਚੂਰ ਹੋ ਗਏ ਅਤੇ ਉਹਨਾ ਨੂੰ ਸਮਝ ਆ ਗਈ ਕਿ ਪਹਿਲਾਂ ਆਏ ਸਾਰੇ ਨਬੀ ਵੀ ਫ਼ੌਤ ਹੋ ਚੁੱਕੇ ਹਨ ।

ਇਕ ਹੋਰ ਮੌਕੇ'ਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਖ਼ੁਦਾ ਤਆਲਾ ਹਜ਼ਾਰਾਂ ਹੀ ਨੇਕ ਪ੍ਰਤੀਫਲ ਹਜ਼ਰਤ ਅਬੂਬਕਰ ਰਜ਼ੀ ਅਲੱਾਹੁ ਅਨਹੁ ਨੂੰ ਪ੍ਰਦਾਨ ਕਰੇ ਕਿ ਉਹਨਾ ਨੇ ਛੇਤੀ ਹੀ ਇਸ ਉਪਦੱਰ ਨੂੰ ਦੂਰ ਕਰ ਦਿੱਤਾ ਉਚਿਤ ਤਰਕ ਨੂੰ ਪੇਸ਼ ਕਰਕੇ ਦੱਸ ਦਿੱਤਾ ਕਿ ਪਹਿਲਾਂ ਆਏ ਸਾਰੇ ਨਬੀ ਮਰ ਚੁੱਕੇ ਹਨ । ਜੇਕਰ ਇਸ ਥਾਂ ਸ਼ਬਦ 'ਖ਼ਲਤ' ਦੇ ਅਰਥ ਇਹ ਕੀਤੇ ਜਾਣ ਕਿ ਕਈ ਨਬੀ ਜੀਉਂਦੇ ਅਕਾਸ਼'ਤੇ ਜਾ ਬੈਠੇ ਹਨ ਤਾਂ ਫਿਰ ਇਸ ਅਵਸਥਾ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਸੱਚੇ ਠਹਿਰਦੇ ਅਤੇ ਇਹ ਆਇਤ ਉਹਨਾ ਦੀ ਪ੍ਰਮਾਣਿਕਤਾ ਬਣਦੀ । ਸੋ, ਖ਼ਲਤ' ਦੇ ਅਰਥ ਦੋ ਪ੍ਰਕਾਰ ਵਿੱਚ ਵੰਡੇ ਹੋਏ ਹਨ, 'ਹਤਫ਼ ਅਨਫ਼ਿਨ' ਅਰਥਾਤ ਸੁਭਾਵਕ ਮੌਤ ਮਰਨਾ ਅਤੇ ਮਾਰੇ ਜਾਣਾ ।

ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਅੰਸਾਰ ਬਨੀ ਸਆਦਾ ਦੇ ਘਰ ਹਜ਼ਰਤ ਸਅਦ ਬਿਨ ਅਬਾਦਹ ਰਜ਼ੀ ਅਲੱਾਹੁ ਅਨਹੁ ਕੋਲ ਇਕੱਠੇ ਹੋ ਗਏ ਅਤੇ ਕਹਿਣ ਲੱਗੇ ਕਿ ਇਕ ਅਮੀਰ (ਪ੍ਰਧਾਨ) ਤੁਹਾਡੇ ਵਿੱਚ ਹੋਵੇ ਅਤੇ ਇਕ ਅਮੀਰ ਸਾਡੇ ਵਿੱਚੋਂ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ, ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਅਬੂ ਅਬੈਦਾਹ ਬਿਨ ਜਰਹਾ ਰਜ਼ੀ ਅਲੱਾਹੁ ਅਨਹੁ ਉਹਨਾ ਕੋਲ ਗਏ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਬਹੁਤ ਚੰਗਾ ਭਾਸ਼ਣ ਦਿੱਤਾ ਅਤੇ ਫ਼ਰਮਾਇਆ ਕਿ ਅਸੀਂ ਅਮੀਰ ਹਾਂ ਅਤੇ ਤੁਸੀਂ ਵਜ਼ੀਰ ਕਿਉਂਕਿ ਕੁਰੈਸ਼ ਨਸਬਨਾਮੇ ਦੇ ਪੱਖੋਂ ਸਾਰੇ ਅਰਬ ਵਾਸੀਆਂ ਵਿੱਚੋਂ ਉਤੱਮ ਤੇ ਇਤਿਹਾਸ ਪੱਖੋਂ ਪੁਰਾਤਨ ਹਨ । ਇਸ ਲਈ ਉਮਰ ਰਜ਼ੀ ਅਲੱਾਹੁ ਅਨਹੁ ਜਾਂ ਅਬੂ ਅਬੈਦਾਹ ਰਜ਼ੀ ਅਲੱਾਹੁ ਅਨਹੁ ਦੀ ਬੈਅਤ ਕਰ ਲਓ । ਇਸ'ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਨਹੀਂ ! ਸਗੋਂ, ਅਸੀਂ ਤਾਂ ਆਪ ਰਜ਼ੀ ਅਲੱਾਹੁ ਅਨਹੁ ਅਰਥਾਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੀ ਬੈਅਤ ਕਰਾਂਗੇ ਕਿਉਂਕਿ ਆਪ ਸਾਡੇ ਸਰਦਾਰ, ਸਾਡੇ ਸਾਰਿਆਂ ਵਿੱਚੋਂ ਬਿਹਤਰ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਸਾਡਿਆਂ ਵਿੱਚੋਂ ਸਭ ਤੋਂ ਵੱਧ ਪਿਆਰੇ ਸਨ । ਇਹ ਕਹਿਕੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦਾ ਹੱਥ ਫੜਿਆ ਅਤੇ ਬੈਅਤ ਕਰ ਲਈ ।

ਜੱਦ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੀ ਖ਼ਿਲਾਫ਼ਤ ਵਿੱਚ ਮੁਰਤਦ (ਫਿਰ ਜਾਣ) ਹੋ ਜਾਣ ਵਾਲਿਆਂ ਨੇ ਸਿਰ ਚੁੱਕਿਆ ਤਾਂ ਪਹਿਲਾਂ ਪਹਿਲ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਕਤਾਲ ਦੀ ਵਿਰੋਧਤਾ ਕੀਤੀ ਪਰੰਤੂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਫ਼ੈਸਲੇ ਅੱਗੇ ਸਿਰ ਝੁਕਾਇਆ । ਆਪ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਜੱਦ ਮੈਂ ਦੇਖਿਆ ਕਿ ਰੱਬ ਨੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੀ ਹਿੱਕ ਲੜਾਈ ਲਈ ਖੋਲ ਦਿੱਤੀ ਹੈ ਤਾਂ ਮੈਂ ਸਮਝ ਗਿਆ ਕਿ ਇਹੋ ਸਚੱਾਈ ਹੈ ।

ਯਮਾਮਾ ਦੀ ਜੰਗ ਵਿੱਚ ਜੱਦ ਸਤੱਰ ਹਾਫ਼ਜ਼ ਸ਼ਹੀਦ ਹੋਏ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਹੀ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੂੰ ਕੁਰਆਨ ਕਰੀਮ ਇਕ ਥਾਂ ਇਕਤੱਰ ਕਰਨ ਦਾ ਮਸ਼ਵਰਾ ਦਿੱਤਾ ।

ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹੁਣੇ ਇਹ ਜ਼ਿਕਰ ਚੱਲ ਰਿਹਾ ਹੈ ਜੋ ਇਨਸ਼ਾਅਲੱਾਹ ਭਵਿੱਖ ਵਿੱਚ ਵੀ ਜਾਰੀ ਰਹੇਗਾ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ أَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 11.06.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)